# GENVASC ਅਧਿਐਨ

## ਅਤੇ ਤੁਹਾਡੀ NHS ਸਿਹਤ ਜਾਂਚ

*ਸੰਖੇਪ ਜਾਣਕਾਰੀ ਪੱਤਰ*

ਕੀ ਤੁਸੀਂ **ਦਿਲ ਦੀ ਬਿਮਾਰੀ** ਤੇ ਕਾਬੂ ਪਾਉਣ ਵਿੱਚ ਸਾਡੀ ਮਦਦ ਕਰਨੀ ਚਾਹੋਗੇ?

ਜਦੋਂਕਿ ਤੁਸੀਂ ਆਪਣੀ NHS ਸਿਹਤ ਜਾਂਚ ਕਰਾਓਗੇ ਤਾਂ ਅਸੀਂ ਤੁਹਾਨੂੰ GENVASC ਅਧਿਐਨ ਵਿੱਚ ਹਿੱਸਾ ਲੈਣ ਲਈ ਸੱਦਾ ਦੇਣਾ ਚਾਹਵਾਂਗੇ। ਤੁਸੀਂ, ਤੁਹਾਨੂੰ ਦਿਲ ਦੀ ਬਿਮਾਰੀ ਜਾਂ ਖ਼ੂਨ ਦੇ ਗੇੜ ਸਬੰਧੀ ਕੋਈ ਹੋਰ ਸਮੱਸਿਆਵਾਂ ਹੋਣ ਦੇ ਖਤਰੇ ਦਾ ਮੁਲਾਂਕਣ ਕਰਨ ਲਈ NHS ਸਿਹਤ ਜਾਂਚ ਕਰਾ ਰਹੇ ਹੋ। ਇਸ ਜਾਂਚ ਵਿੱਚ ਤੁਹਾਡੇ ਖ਼ੂਨ ਦੇ ਇੱਕ ਨਮੂਨੇ ਦੀ ਜਾਂਚ ਕਰਨਾ ਅਤੇ ਉਹਨਾਂ ਕਾਰਕਾਂ ਦੀ ਜਾਂਚ ਕਰਨਾ ਸ਼ਾਮਲ ਹੈ ਜਿਹਨਾਂ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਤੁਹਾਨੂੰ ਕਾਰਡੀਓਵੈਸਕਿਉਲਰ (ਦਿਲ ਅਤੇ ਖ਼ੂਨ ਪਰਵਾਹੀ ਨਾੜੀਆਂ ਸਬੰਧੀ) ਬਿਮਾਰੀ ਹੋਣ ਦੀਆਂ ਸੰਭਾਵਨਾਵਾਂ ਤੇ ਅਸਰ ਪਾ ਸਕਦੇ ਹਨ, ਜਿਵੇਂ ਕਿ ਤੁਹਾਡੀ ਉਮਰ, ਲਿੰਗ, ਬਲੱਡ ਪ੍ਰੈਸ਼ਰ, ਕੋਲੈਸਟ੍ਰੋਲ ਦਾ ਪੱਧਰ ਅਤੇ ਤੁਸੀਂ ਤਮਾਕੂਨੋਸ਼ੀ ਕਰਦੇ ਹੋ ਜਾਂ ਨਹੀਂ ਜਾਂ ਤੁਹਾਨੂੰ ਡਾਇਬਟੀਜ਼ ਹੈ ਜਾਂ ਨਹੀਂ।

ਅਗਲੇ ਪੰਨੇ ਤੇ ਜਾਰੀ

ਇਹ ਸਾਰੀਆਂ ਚੀਜ਼ਾਂ ਉਹਨਾਂ ਵਿਅਕਤੀਆਂ ਦੀ ਪਛਾਣ ਕਰਨ ਵਿੱਚ ਸਾਡੀ ਮਦਦ ਕਰਨ ਲਈ ਅਹਿਮ ਹਨ, ਜੋ ਉਚੇਰੇ ਖਤਰੇ ਵਿੱਚ ਹਨ ਅਤੇ ਇਹ ਸਾਨੂੰ ਸਮੇਂ ਤੋਂ ਪਹਿਲਾਂ ਰੋਕਥਾਮ ਦੇ ਉਪਾਅ

ਕਰਨ ਦਿੰਦੀਆਂ ਹਨ। ਐਪਰ, ਇਹ ਜਾਂਚਾਂ ਬਿਲਕੁਲ ਸੰਪੂਰਨ ਨਹੀਂ ਹੁੰਦੀਆਂ ਅਤੇ ਕੁਝ ਲੋਕਾਂ ਜਿਹਨਾਂ ਦੀ ਪਛਾਣ ਘੱਟ ਜਾਂ ਦਰਮਿਆਨੇ ਜੋਖਮ ਵਿੱਚ ਹੋਣ ਵਜੋਂ ਕੀਤੀ ਜਾਂਦੀ ਹੈ, ਨੂੰ ਫੇਰ ਵੀ ਕਾਰਡੀਓਵੈਸਕਿਉਲਰ ਸਮੱਸਿਆਵਾਂ ਹੋ ਜਾਂਦੀਆਂ ਹਨ। ਅਜਿਹਾ ਇਸ ਕਰਕੇ ਹੁੰਦਾ ਹੈ ਕਿਉਂਕਿ ਦੂਜੇ ਕਾਰਕ ਵੀ ਕੰਮ ਕਰ ਰਹੇ ਹੁੰਦੇ ਹਨ, ਉਦਾਹਰਣ ਵਜੋਂ ਕਾਰਡੀਓਵੈਸਕਿਉਲਰ ਬਿਮਾਰੀ ਹੋਰਨਾਂ ਦੇ ਮੁਕਾਬਲੇ ਕੁਝ ਪਰਿਵਾਰਾਂ ਵਿੱਚ ਵਧੇਰੇ ਅਕਸਰ ਹੁੰਦੀ ਜਾਪਦੀ ਹੈ, ਇਸ ਕਰਕੇ ਜੀਨਸ (ਅਨੁਵੰਸ਼ਕੀ ਗੁਣ) ਅਤੇ DNA ਵੀ ਦਿਲ ਦੀ ਬਿਮਾਰੀ ਵਿਕਸਿਤ ਹੋਣ ਦੇ ਖਤਰੇ ਨੂੰ ਵਧਾਉਣ ਵਿੱਚ ਭੂਮਿਕਾ ਅਦਾ ਕਰਦੇ ਹਨ।

## GENVASC ਅਧਿਐਨ ਕਿਸ ਬਾਰੇ ਹੈ?

ਦਿਲ ਦੀ ਬਿਮਾਰੀ ਦੇ ਖਤਰੇ ਤੇ ਅਸਰ ਪਾਉਣ ਵਾਲੇ ਜੀਨਜ਼ ਦੀ ਪਛਾਣ ਕਰਨ ਵਿੱਚ ਹਾਲ ਹੀ ਵਿੱਚ ਬਹੁਤ ਤਰੱਕੀ ਕੀਤੀ ਗਈ ਹੈ। GENVASC ਅਧਿਐਨ (Genetics and the Vascular Health Check Programme ਦਾ ਸੰਖੇਪ ਨਾਂ), ਵਿੱਚ ਤੁਹਾਡੇ ਵਰਗੇ ਹਜ਼ਾਰਾਂ ਲੋਕ ਸ਼ਾਮਲ ਹਨ ਅਤੇ ਇਸਦਾ ਮਕਸਦ ਇਹ ਜਾਂਚ ਕਰਨਾ ਹੈ ਕਿ ਕੀ ਖਤਰੇ ਦੇ ਜਾਂਚੇ ਗਏ ਦੂਜੇ ਕਾਰਕਾਂ ਵਿੱਚ ਜੈਨੇਟਿਕ (ਅਨੁਵੰਸ਼ਕੀ) ਜਾਣਕਾਰੀ ਨੂੰ ਜੋੜਨ ਨਾਲ, ਇਹ ਅਨੁਮਾਨ ਲਗਾਉਣ ਵਿੱਚ ਸੁਧਾਰ

ਲਿਆਉਣ ਵਿੱਚ ਮਦਦ ਮਿਲ ਸਕਦੀ ਹੈ ਕਿ ਕੌਣ ਕਾਰਡੀਓਵੈਸਕਿਉਲਰ ਬਿਮਾਰੀ ਵਿਕਸਿਤ ਹੋਣ ਦੇ ਖਤਰੇ ਵਿੱਚ ਹੈ।

## ਇਸ ਵਿੱਚ ਕੀ **ਸ਼ਾਮਲ** ਹੈ?

ਇਸ ਅਧਿਐਨ ਵਿੱਚ ਹਿੱਸਾ ਲੈਣਾ ਸੱਚਮੁੱਚ ਸਰਲ ਹੈ ਕਿਉਂਕਿ ਇਹ ਤੁਹਾਡੀ ਸਿਹਤ ਜਾਂਚ ਦੇ ਨਾਲ ਜੁੜਿਆ ਹੋਇਆ ਹੈ। ਤੁਸੀਂ ਬਸ ਇੰਨਾ ਕਰਨਾ ਹੈ ਕਿ ਇੱਕ ਸਹਿਮਤੀ ਫ਼ਾਰਮ ਤੇ ਦਸਤਖਤ ਕਰਨੇ ਹਨ ਜਿਸ ਰਾਹੀਂ ਤੁਸੀਂ ਖੋਜ ਵਿੱਚ ਗੁਪਤ ਰੂਪ ਵਿੱਚ ਤੁਹਾਡੀ ਕੁਝ ਡਾਕਟਰੀ ਜਾਣਕਾਰੀ ਵਰਤੇ ਜਾਣ ਦੀ ਆਗਿਆ ਦਿਓਗੇ ਅਤੇ ਸਾਨੂੰ ਖ਼ੂਨ ਦਾ ਇੱਕ ਨਮੂਨਾ ਦਿਓਗੇ। ਬਹੁਤੇ ਕੇਸਾਂ ਵਿਚ ਖ਼ੂਨ ਦਾ ਨਮੂਨਾ ਤੁਹਾਡੀ ਸਿਹਤ ਜਾਂਚ ਦੇ ਨਮੂਨੇ ਦੇ ਨਾਲ ਹੀ ਲਿਆ ਜਾਂਦਾ ਹੈ ਅਤੇ ਇਸਤੋਂ ਬਾਅਦ ਕੋਈ ਫਾਲੋ-ਅੱਪ ਮੁਲਾਕਾਤਾਂ ਜਾਂ ਇਲਾਜ ਸ਼ਾਮਲ ਨਹੀਂ ਹੁੰਦੇ।

## ਮੇਰੇ **ਖ਼ੂਨ ਦੇ ਨਮੂਨੇ** ਅਤੇ ਡੈਟੇ ਨਾਲ ਕੀ ਕੀਤਾ ਜਾਵੇਗਾ?

ਤੁਹਾਡੇ ਖ਼ੂਨ ਦੇ ਨਮੂਨੇ ਅਤੇ ਡੈਟੇ ਨੂੰ ਅਧਿਐਨ ਵਿੱਚ ਵਰਤਣ ਦੇ ਲਈ ਐਨ.ਆਈ.ਐਚ.ਆਰ ਲੈਸਟਰ ਕਾਰਡੀਓਵੈਸਕਿਉਲਰ ਬਾਇਓਮੈਡੀਕਲ ਰਿਸਰਚ ਯੂਨਿਟ (NIHR Leicester Cardiovascular Biomedical Research Unit) ਵਿੱਚ ਸੁਰੱਖਿਅਤ ਢੰਗ ਨਾਲ ਸਾਂਭ ਕੇ ਰੱਖਿਆ ਜਾਵੇਗਾ।

ਅਗਲੇ ਪੰਨੇ ਤੇ ਜਾਰੀ

ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਇਸ ਅਧਿਐਨ ਵਿੱਚ ਮੇਰੀ **ਸ਼ਮੂਲੀਅਤ** ਗੁਪਤ ਰਹੇਗੀ?

ਇਸ ਅਧਿਐਨ ਵਿੱਚ ਸ਼ਮੂਲੀਅਤ ਗੁਪਤ ਰਹੇਗੀ ਕਿਉਂਕਿ ਤੁਹਾਨੂੰ ਇੱਕ ਵਿਲੱਖਣ ਅਧਿਐਨ ਨੰਬਰ (study number) ਜਾਰੀ ਕੀਤਾ ਜਾਵੇਗਾ। ਜੋ ਖੋਜਕਾਰ ਤੁਹਾਡੇ ਖ਼ੂਨ ਦਾ ਵਿਸ਼ਲੇਸ਼ਣ ਕਰਨਗੇ, ਉਹਨਾਂ ਨੂੰ ਸਿਰਫ਼ ਤੁਹਾਡਾ ਨੰਬਰ ਪਤਾ ਹੋਵੇਗਾ, ਤੁਹਾਡਾ ਨਾਂ ਨਹੀਂ।

**ਇਸ ਬਾਰੇ ਅਗਲੇਰੀ ਜਾਣਕਾਰੀ ਲਈ** ਕਿ ਇਹ ਅਹਿਮ ਖੋਜ ਕਿਉਂ ਕੀਤੀ ਜਾ ਰਹੀ ਹੈ, ਕਿਰਪਾ ਕਰਕੇ ਮੁਹੱਈਆ ਕੀਤੇ ਗਏ ਬਿਓਰੇਵਾਰ ਸਹਿਭਾਗੀ ਜਾਣਕਾਰੀ ਪੱਤਰ (participant information sheet) ਨੂੰ ਪੜ੍ਹੋ। ਜੇ ਤੁਸੀਂ ਬਿਓਰੇਵਾਰ ਸਹਿਭਾਗੀ ਜਾਣਕਾਰੀ ਪੱਤਰ ਨੂੰ ਪੜ੍ਹਨ ਤੋਂ ਬਾਅਦ ਜਾਂ ਫੇਰ ਬਾਅਦ ਵਿੱਚ ਕਿਸੇ ਵੀ ਸਮੇਂ ਅਧਿਐਨ ਤੋਂ ਬਾਹਰ ਨਿਕਲਣਾ ਚਾਹੋ ਤਾਂ ਤੁਸੀਂ ਅਜਿਹਾ ਕਰਨ ਲਈ ਸੁਤੰਤਰ ਹੋ, ਇਸ ਨਾਲ ਤੁਹਾਡੀ ਦੇਖਭਾਲ ਜਾਂ ਕਨੂੰਨੀ ਅਧਿਕਾਰਾਂ ਨਾਲ ਕੋਈ ਪੱਖਪਾਤ ਨਹੀਂ ਕੀਤਾ ਜਾਵੇਗਾ।

ਹਿੱਸਾ ਲੈਣਾ ਵਾਲੰਟਰੀ ਹੈ, ਪਰ ਕਿਰਪਾ ਕਰਕੇ ਸ਼ਾਮਲ ਹੋਵੋ। ਨਤੀਜੇ ਹਿੱਸਾ ਲੈਣ ਲਈ ਇੱਛੁਕ ਲੋਕਾਂ ਦੇ ਢੇਰ ਸਾਰੇ ਨਮੂਨਿਆਂ ਤੇ ਨਿਰਭਰ ਕਰਦੇ ਹਨ ਅਤੇ ਇਹ ਭਵਿੱਖ ਵਿੱਚ ਜ਼ਿੰਦਗੀਆਂ ਨੂੰ ਬਚਾਉਣ ਵਿੱਚ ਮਦਦ ਕਰਨ ਲਈ ਬਹੁਤ ਅਹਿਮ ਹੋ ਸਕਦਾ ਹੈ।